ਜਮਾਤ : ਦਸਵੀਂ ( Sep Assignment)

ਭਾਗ-1 : ਪੜ੍ਹਨ-ਕੌਸ਼ਲ

ਨੋਟ : ਹੇਠ ਲਿਖੇ ਵਾਰਤਕ ਪੈਰ੍ਹੇ ਅਤੇ ਕਾਵਿ-ਟੁਕੜੀ ਨੂੰ ਧਿਆਨ ਨਾਲ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਨ੍ਹਾਂ ਦੇ ਆਧਾਰ 'ਤੇ ਉਹਨਾਂ ਦੇ ਹੇਠਾਂ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣ ਕੇ ਲਿਖੋ।

1. ਸਿਜਾਈ ਦੀ ਵਰਤੋਂ ਨਾਲ ਅਸੀਂ ਇਸ ਯੋਗ ਹੋ ਜਾਂਦੇ ਹਾਂ ਕਿ ਫ਼ਸਲਾਂ ਨੂੰ ਤਬਾਹੀ ਤੋਂ ਬਚਾ ਲਈਏ ਕਿਉਂਕਿ ਕਈ ਵਾਰ ਫ਼ਸਲਾਂ ਦੀ ਬਿਜਾਈ ਪਿੱਛੋਂ ਔੜ ਲੱਗ ਜਾਂਦੀ ਹੈ ਅਤੇ ਵਰਖਾ ਸਾਰੇ ਇਲਾਕਿਆਂ ਵਿੱਚ ਨਹੀਂ ਹੁੰਦੀ। ਜਿਸੇ ਸਮੇਂ ਵਰਖਾ ਦੀ ਲੋੜ ਹੁੰਦੀ ਹੈ, ਉਸ ਸਮੇਂ ਮੌਸਮ ਖੁਸ਼ਕ ਰਹਿੰਦਾ ਹੈ ਅਤੇ ਜਿਸ ਸਮੇਂ ਫਸਲ ਦੇ ਵਧਣ ਫੁੱਲਣ ਲਈ ਧੁੱਪ ਦੀ ਲੋੜ ਹੁੰਦੀ ਹੈ ਤਾਂ ਵਰਖਾ ਪੈਣੀ ਸ਼ੁਰੂ ਹੋ ਜਾਂਦੀ ਹੈ ਜੋ ਫ਼ਸਲਾਂ ਦਾ ਨੁਕਸਾਨ ਕਰ ਦਿੰਦੀ ਹੈ। ਉਸ ਸਮੇਂ ਕੇਵਲ ਸਿੰਜਾਈ ਹੀ ਲਾਭਦਾਇਕ ਹੁੰਦੀ ਹੈ। ਸਿੰਜਾਈ ਨਾਲ ਫ਼ਸਲਾਂ ਦੇ ਝਾੜ ਨੂੰ ਬਹੁਤ ਮਾਤਰਾ ਵਿੱਚ ਵਧਾਇਆ ਜਾ ਸਕਦਾ ਹੈ ਅਤੇ ਲੋੜ ਅਨੁਸਾਰ ਫੈਸਲ ਨੂੰ ਪਾਣੀ ਦੇ ਸਕਦੇ ਹਾਂ। ਇਸ ਤਰ੍ਹਾਂ ਫਸਲਾਂ ਨੂੰ ਨਮੀ ਦੇਣ ਦਾ ਕੰਮ ਕਿਸਾਨ ਦੇ ਅਧੀਨ ਹੁੰਦਾ ਹੈ। ਕਈ ਪ੍ਰਦੇਸ਼ਾਂ ਵਿੱਚ ਜ਼ਮੀਨ ਉਪਜਾਊ ਹੁੰਦੀ ਹੈ ਪਰ ਵਰਖਾ ਦੀ ਥੁੜ੍ਹ ਕਾਰਨ ਉੱਥੇ ਖੇਤੀ ਦਾ ਕੰਮ ਲਾਭਦਾਇਕ ਨਹੀਂ ਹੁੰਦਾ ਪਰ ਜਦ ਤੋਂ ਅਜਿਹੀਆਂ ਥਾਵਾਂ ਨੂੰ 4 ਨਹਿਰਾਂ ਦੁਆਰਾ ਪਾਣੀ ਮਿਲਣਾ ਸ਼ੁਰੂ ਹੋਇਆ ਹੈ ਤਾਂ ਉੱਥੇ ਬਹੁਤ ਫਸਲਾਂ ਹੋਣ? ਹੋਣ ਲੱਗ ਪਈਆਂ ਹਨ ਅਤੇ ਇਲਾਕੇ ਬੜੇ ਖੁਸ਼ਹਾਲ ਬਣ ਗਏ ਹਨ। ਇਸ ਲਈ ਖੇਤੀ ਦੀ ਉਪਜ ਵਧਾਉਣ ਅਤੇ ਵੱਧ ਆਮਦਨ ਲੈਣ ਲਈ ਇਸ ਕੰਮ ਨੂੰ ਵਿਗਿਆਨਿਕ ਢੰਗ ਨਾਲ ਕੀਤਾ ਜਾਵੇ ਅਤੇ ਮਿੱਟੀ ਦੀ ਪਰਖ ਕਰਵਾਈ ਜਾਵੇ।

ਪ੍ਰਸ਼ਨ 1. ਕਿਸ ਦੀ ਵਰਤੋਂ ਨਾਲ ਅਸੀਂ ਫਸਲਾਂ ਨੂੰ ਤਬਾਹੀ ਤੋਂ ਬਚਾਉਣ ਦੇ ਯੋਗ ਬਣ ਗਏ ਹਾਂ ?

(ੳ) ਖਾਦਾਂ ਦੀ ਵਰਤੋਂ ਨਾਲ (ਅ)ਸਿੰਜਾਈ ਨਾਲ

(ੲ) ਕੀਟਨਾਸ਼ਕ ਦਵਾਈਆਂ ਨਾਲ (ਸ) ਉਪਰੋਕਤ ਵਿੱਚੋਂ ਕੋਈ ਨਹੀਂ

ਪ੍ਰਸ਼ਨ 2. 'ਔੜ' ਸ਼ਬਦ ਦਾ ਕੀ ਅਰਥ ਹੈ ?

(ੳ) ਵਰਖਾ ਨਾ ਹੋਣ ਕਾਰਨ ਸੋਕਾ ਪੈਣਾ (ਅ) ਜ਼ਿਆਦਾ ਵਰਖਾ ਹੋਣੀ

(ੲ) ਹੜ੍ਹ (ਸ) ਤਿੱਖੀ ਧੁੱਪ ਚੜ੍ਹਨੀ

ਪ੍ਰਸ਼ਨ 3. ਫਸਲਾਂ ਦਾ ਨੁਕਸਾਨੇ ਕਿਵੇਂ ਹੁੰਦਾ ਹੈ ?

(ੳ) ਲੋੜ ਸਮੇਂ ਮੀਂਹ ਨਾ ਪੈਣ ਕਾਰਨ

(ਅ) ਧੁੱਪ ਦੀ ਲੋੜ ਸਮੇਂ ਮੀਂਹ ਪੈ ਜਾਣ ਕਾਰਨ

(ੲ) ਜਾਨਵਰਾਂ ਕਾਰਨ

(ਸ) ੳ ਅਤੇ ਅ ਦੋਵੇਂ

ਪ੍ਰਸ਼ਨ 4. ਫਸਲਾਂ ਦੇ ਝਾੜ ਨੂੰ ਕਿਸ ਤਰ੍ਹਾਂ ਵਧਾਇਆ ਜਾ ਸਕਦਾ ਹੈ ?

(ੳ) ਖਾਦ ਵਰਤ ਕੇ (ਅ) ਕੀਟਨਾਸ਼ਕ ਦਵਾਈਆਂ ਨਾਲ

(ੲ) ਉਪਜਾਊ ਸ਼ਕਤੀ ਵਧਾ ਕੇ। (ਸ) ਸਿੰਜਾਈ ਨਾਲ

ਪ੍ਰਸ਼ਨ 5. ਸਿੰਜਾਈ ਲਈ ਪਾਣੀ ਦਾ ਕਿਹੜਾ ਸਰੋਤ ਵਰਤਿਆ ਜਾਂਦਾ ਹੈ ?

(ੳ) ਖੂਹ (ਅ) ਖਾਈ (ੲ) ਨਹਿਰਾਂ (ਸ) ਨਲਕੇ

ਪ੍ਰਸ਼ਨ 6. ਖੇਤੀ ਦੀ ਉਪਜ ਵਧਾਉਣ ਲਈ ਕਿਹੜੇ ਢੰਗ ਵਰਤਣੇ ਚਾਹੀਦੇ ਹਨ ?

(ੳ) ਵਿਗਿਆਨਕ ਢੰਗ (ਅ)ਖੇਤੀਬਾੜੀ ਦੇ ਢੰਗ

(ੲ) ਪੁਰਾਤਨ ਢੰਗ (ਸ) ਮਨੋਵਿਗਿਆਨਕ ਢੰਗ

11. ਨਿਮਨ ਲਿਖਤ ਕਾਵਿ ਟੁਕੜੀ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ:-

ਦੁਨੀਆ ਤੋਂ ਮਰ ਜਾਵਣਾ, ਵਤ ਨਾ ਆਵਣਾ, ਜੋ ਕਿਛੁ ਕੀਤਾ ਬੁਰਾ ਭਲਾ ਵੋ, ਕੀਤਾ ਆਪਣਾ ਪਾਵਣਾ। ਆਦਮੀਓਂ ਫਿਰ ਮੁਰਦਾ ਕੀਤਾ, ਮਿੱਤਰ ਪਿਆਰਿਆਂ ਤੇਰਾ ਚੋਲਾ ਸੀਤਾ, ਗੋਰ ਮੰਜ਼ਿਲ ਪਹੁੰਚਾਵਣਾ।

ਚਾਰ ਦਿਹਾੜੇ ਗੋਇਲ ਵਾਸਾ, ਕਿਆ ਜਾਣਾ ਕਿਤ ਢੁਲਸੀ ਦੇ ਪਾਸਾ, ਬਾਲਕ ਮਨ ਪਰਚਾਵਣਾ।

ਪ੍ਰਸ਼ਨ 1. ਮਨੁੱਖ ਦੇ ਮਰਨ ਮਗਰੋਂ ਉਸ ਦੇ ਮਿੱਤਰ ਪਿਆਰੇ ਕੀ ਕਰਦੇ ਹਨ

ਪ੍ਰਸ਼ਨ 2. ਦੁਨੀਆ ਵਿੱਚ ਮਨੁੱਖ ਦਾ ਵਾਸ ਕਿਸ ਤਰ੍ਹਾਂ ਦਾ ਹੈ ?

ਪ੍ਰਸ਼ਨ 3. ਉਪਰੋਕਤ ਸਤਰਾਂ ਵਿੱਚ ਕਵੀ ਕੀ ਸੰਦੇਸ਼ ਦਿੰਦਾ ਹੈ ।

ਪ੍ਰਸ਼ਨ 4. 'ਕੀਤਾ ਪਾਉਣਾ' ਤੋਂ ਕੀ ਭਾਵ ਹੈ ।

## ਭਾਗ-2 : ਵਿਆਕਰਨ

III. ਸਮਾਸੀ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) :

ਪ੍ਰਸ਼ਨ 1. ਹੇਠ ਲਿਖੇ ਵਿਕਲਪਾਂ ਵਿੱਚੋਂ ਕਿਹੜਾ ਸਾਰਥਕ ਤੇ ਨਿਰਾਰਥਕ ਸਮਾਸੀ ਸ਼ਬਦ ਹੈ ?

(ੳ) ਘਿਓ-ਸ਼ੱਕਰ (ਅ) ਤਿਲ-ਫੁੱਲ

(ੲ) ਲੜਾਈ-ਝਗੜਾ (ਸ) ਮਿਰਚਾਂ-ਮੁਰਚਾਂ

ਪ੍ਰਸ਼ਨ 2. ਹੇਠ ਲਿਖਿਆਂ ਵਿੱਚੋਂ ਸਹੀ ਸਮਾਈ ਸ਼ਬਦ ਚੁਣ ।

(ੳ) ਸ਼ਰਾਬੀ ਭੰਗੀ (ਅ) ਸ਼ਰਾਬੀ-ਕਬਾਬੀ

(ੲ) ਸ਼ਰਾਬੀ ਵੈਲੀ (ਸ) ਸ਼ਰਾਬੀ-ਸ਼ਰਾਬ

ਪ੍ਰਸ਼ਨ 3. ਸਮਾਸੀ ਸ਼ਬਦਾਂ ਵਿੱਚ ਕਿਹੜੇ ਵਿਸਰਾਮ ਚਿੰਨ੍ਹ ਦੀ ਵਰਤੋਂ ਕੀਤੀ ਜਾਂਦੀ ਹੈ ?

(ੳ) ਡੰਡੀ (ਅ) ਇਕਹਿਰੇ ਪੁੱਠੇ ਕਾਮੇ

(ੲ) ਬਿੰਦੀ (ਸ) ਜੋੜਨੀ

IV. ਬਹੁ-ਅਰਥਕ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):

ਪ੍ਰਸ਼ਨ 1. 'ਤੌਰ' ਦਾ ਇੱਕ ਅਰਥ ਹੈ 'ਚਾਲ' ਦੂਜਾ ਅਰਥ ਦੱਸੋ ?

(ੳ) ਨਰਾਜ਼ (ਅ) ਵਿਦਾ ਹੋਣਾ (ੲ) ਅਸਥੀਆਂ (ਸ) ਤਣਾ

ਪ੍ਰਸ਼ਨ 2 'ਘੜੀ ਸ਼ਬਦ ਲਈ ਸਹੀ ਬਹੁ-ਅਰਥਕ ਸ਼ਬਦ ਚੁਣੋ:-

(ੳ) ਦਿਨ, ਸੂਚਨਾ, ਸੋਚਣਾ

(ਅ ) ਸਮਾਂ, ਸਮਾਂ ਦੱਸਣ ਵਾਲਾ ਯੰਤਰ

(ੲ) ਬਰਤਨ, ਘੜਨਾ

(ਸ) ਸਕੀਮ, ਤਰਤੀਬ

ਪ੍ਰਸ਼ਨ 3. ਕਿਹੜਾ ਸ਼ਬਦ 'ਸੁਰ' ਸ਼ਬਦ ਦਾ ਬਹੁ-ਅਰਥਕ ਨਹੀਂ ਹੈ ?

(ੳ) ਧੁਨੀ (ਅ) ਏਕਤਾ (ੲ) ਸੁਣਨਾ (ਸ) ਪਤਾ

V. ਕਿਰਿਆ-ਵਿਸ਼ੇਸ਼ਣ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ।

ਪ੍ਰਸ਼ਨ 1. ਜਿਹੜੇ ਕਿਰਿਆ-ਵਿਸ਼ੇਸ਼ਣ ਤੋਂ ਕਿਰਿਆ ਦੇ ਕੰਮ ਦੇ ਸਥਾਨ ਦਾ ਪਤਾ ਲੱਗ ਉਹਨਾਂ ਨੇ ਕੀ ਕਿਹਾ ਜਾਂਦਾ ਹੈ ?

(ੳ) ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ

(ਅ) ਕਾਲ-ਵਾਚਕ ਕਿਰਿਆ-ਵਿਸ਼ੇਸ਼ਣ

(ੲ) ਸੰਖਿਆ-ਵਾਚਕ ਕਿਰਿਆ-ਵਿਸ਼ੇਸ਼ਣ

(ਸ) ਪ੍ਰਕਾਰ-ਵਾਚਕ ਕਿਰਿਆ-ਵਿਸ਼ੇਸ਼ਣ

ਪ੍ਰਸ਼ਨ 2. "ਤੁਹਾਨੂੰ ਕਿੰਨਾ ਆਟਾ ਚਾਹੀਦਾ ਹੈ।" ਵਾਕ ਵਿੱਚੋਂ ਕਿਰਿਆ ਵਿਸ਼ੇਸ਼ਣ ਚੁਣੋ:-

(ੳ) ਚਾਹੀਦਾ ਹੈ (ਅ)ਆਟਾ (ੲ) ਕਿੰਨਾਂ (ਸ) ਤੁਹਾਨੂੰ

3. ਮਿਣਤੀ-ਵਾਚਕ ਕਿਰਿਆ-ਵਿਸ਼ੇਸ਼ਣ ਚੁਣੋ

(ੳ) ਸਮੇਂ, ਸਿਰ, ਕੁਵੇਲੇ (ਅ) ਇੰਞ ,ਕਿਉਂ

(ੲ) ਹੌਲੀ-ਹੌਲੀ, ਘੜੀ-ਮੁੜੀ, (ਸ) ਬਹੁਤਾ, ਥੋੜ੍ਹਾ, ਸਾਰਾ

V1. ਅਗੇਤਰ-ਪਿਛੇਤਰ (ਪੁੱਛੇ ਗਏ ਅਨੁਸਾਰ ਹੱਲ ਕਰੋ।

ਪ੍ਰਸ਼ਨ 1. ਹੇਠ ਲਿਖਿਆਂ ਵਿੱਚ ਕਿਸੇ ਇੱਕ ਅਗੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ:

ਬਦ, ਰਾਜ

ਪ੍ਰਸ਼ਨ 2. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਪਿਛੇਤਰ ਨੂੰ ਵਰਤਦੇ ਕੇ ਦੋ-ਦੇ ਸ਼ਬਦ ਬਣਾਓ :

ਬਾਜ, ਵੀਰ

VII ਮੁਹਾਵਰੇ : ਹੇਠ ਲਿਖਿਆਂ ਵਿਚੋਂ ਕਿਸੇ ਚਾਰ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਅਰਥ ਸਪੱਸ਼ਟ ਹੋ ਜਾਣ :-

ਕੌੜੀ ਵੇਲੇ ਵਾਂਗ ਵਧਣਾ, ਘਰ ਦਾ ਮੂੰਹ ਦੂਜੇ ਪਾਸੇ ਲਾਉਣਾ, ਗੱਲ ਪੱਲੇ ਬੰਨ੍ਹ ਲੈਣਾ, ਜ਼ਹਿਰ ਉਗਲਣਾ, ਚੈਨ ਦਾ ਸਾਹ ਆਉਣਾ, ਜੱਸ ਦਾ ਟਿੱਕਾ ਲਾਉਣਾ

## ਭਾਗ-3 (ਪ੍ਰਭਾਵਸ਼ਾਲੀ ਲਿਖਣ-ਕੌਸ਼ਲ)

VIII. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 200 ਸ਼ਬਦਾਂ ਵਿੱਚ ਲੇਖ ਲਿਖੋ :

(ੳ) ਬੇਰੁਜ਼ਗਾਰੀ

(ਨੁਕਤੇ: ਅਰਥ; ਕਾਰਨ ; ਮਸ਼ੀਨੀਕਰਨ: ਅਬਾਦੀ ਦਾ ਵਾਧਾ : ਵਿੱਦਿਆ ਪ੍ਰਣਾਲੀ : ਕਿੱਤਾ ਮੁਖੀ ਚੋਣ ਦੀ ਘਾਟ : ਆਵਾਜਾਈ ਵਿੱਚ ਰੁਕਾਵਟਾਂ: ਅਗਿਆਨਤਾ: ਪ੍ਰਭਾਵ: ਸੁਝਾਅ: ਸਿੱਟਾ)

(ਅ) ਵਿਦਿਆਰਥੀ ਅਤੇ ਖੇਡਾਂ

(ਨੁਕਤੇ : ਭੂਮਿਕਾ : ਖੇਡਾਂ ਜੀਵਨ ਦਾ ਮਹੱਤਵਪੂਰਨ ਅੰਗ: ਲਾਭ : ਸਰੀਰਕ ਅਰੋਗਤਾ: ਦਿਮਾਗੀ ਅਰੋਗਤਾ : ਆਚਰਨ ਉਸਾਰੀ : ਦਿਲ ਪਰਚਾਵੇ ਦਾ ਸਾਧਨ : ਆਸ਼ਾਵਾਦੀ ਸੋਚ: ਮੁਕਾਬਲੇ ਦੀ ਭਾਵਨਾ ; ਸਿੱਟਾ)

(ੲ) ਵਿਹਲਾ ਮਨ ਸ਼ੈਤਾਨ ਦਾ ਘਰ

(ਨੁਕਤੇ: ਭੂਮਿਕਾ; ਵਿਹਲੇ ਮਨ ਤੋਂ ਭਾਵ : ਪਰੇਸ਼ਾਨੀ ਦਾ ਕਾਰਨ : ਮਨ ਨੂੰ ਇਕਾਗਰ ਕਰਨ ਦੀ ਲੋੜ ਹੋਣ ਸੁਝਾਅ: ਸਿੱਟਾ।)

IX. (ੳ) ਨਗਰ ਪਾਲਿਕਾ ਦੇ ਪ੍ਰਧਾਨ ਨੂੰ ਪੱਤਰ ਲਿਖੋ, ਜਿਸ ਵਿੱਚ ਆਪਣੇ ਘਰ ਨੇੜੇ ਪਏ ਗੰਦਗੀ ਦੇ ਢੇਰ ਨੂੰ ਚੁੱਕਵਾਉਣ ਲਈ ਬੇਨਤੀ ਕਰੋ।

(ਪ੍ਰਮੁੱਖ ਨੁਕਤੇ: ਗਟਰ ਸਾਫ਼ ਕਰਵਾਉਣਾ; ਗੰਦਗੀ ਦਾ ਢੇਰ ਘਰ ਦੇ ਬਾਹਰ : ਗੰਦਗੀ ਚੁੱਕਣ ਨਾ ਆਉਣਾ ਬਰਸਾਤੀ ਮੌਸਮ : ਬਿਮਾਰੀ ਦਾ ਖ਼ਤਰਾ: ਗੰਦਗੀ ਚੁੱਕਣ ਲਈ ਕਰਮਚਾਰੀ ਭੇਜਣ)

ਜਾਂ

(ਅ) ਆਪਣੇ ਪਿਤਾ ਜੀ ਨੂੰ ਚਿੱਠੀ ਲਿਖੋ ਜਿਸ ਵਿੱਚ ਆਪਣੇ ਇਮਤਿਹਾਨ ਦਾ ਵੇਰਵਾ ਦਿਓ ਕਿ ਕਿਸ ਤਰ੍ਹਾਂ ਦੇ ਹੋਏ।

(ਪ੍ਰਮੁੱਖ ਨੁਕਤੇ: ਪੇਪਰ ਵਧੀਆ ਗਣਿਤ ਵਿੱਚੋਂ ਪੂਰੇ ਅੰਕ: ਅੰਗਰੇਜ਼ੀ ਕਮਜ਼ੋਰ ਸਮਾਜਕ ਸਿੱਖਿਆ ਦਾ ਪਰਚਾ ਔਖਾ ਪਰ ਚੰਗਾ ਹੋਇਆ: ਹਿੰਦੀ ਤੇ ਪੰਜਾਬੀ ਵਧੀਆ )

X. ਹੇਠਲੀ ਤਸਵੀਰ ਨੂੰ ਧਿਆਨ ਨਾਲ ਵੇਖੋ ਅਤੇ ਉਸ ਬਾਰੇ 50 ਸ਼ਬਦਾਂ ਵਿੱਚ ਲਿਖੋ।



ਭਾਗ - 4(ਪਾਠ ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ)

X1. ਕਹਾਣੀ ਅਤੇ ਵਾਰਤਕ ਵਿੱਚੋਂ

ਪ੍ਰਸ਼ਨ 1. ਅਮਰੀਕ ਦੇ ਛੋਟੇ ਭਰਾ ਦਾ ਕੀ ਨਾਮ ਸੀ ?

(ੳ) ਜਗਤਾਰ (ਅ) ਮਹਿੰਦਰ (ੲ) ਜਤਿੰਦਰ (ਸ) ਕਰਤਾਰ

ਪ੍ਰਸ਼ਨ 2. 'ਕੁਲਫੀ ਕਹਾਣੀ ਕਿਸ ਲੇਖਕ ਦੀ ਲਿਖੀ ਹੋਈ ਹੈ ?

(ੳ) ਕੁਲਵੰਤ ਸਿੰਘ ਵਿਰਕ (ਅ) ਕਰਤਾਰ ਸਿੰਘ ਦੁੱਗਲ

(ੲ) ਵਰਿਆਮ ਸਿੰਘ ਸੰਧੂ (ਸ) ਸੁਜਾਨ ਸਿੰਘ

ਪ੍ਰਸ਼ਨ 3:- ਕਿਹੜੇ ਲੋਕਾਂ ਨੂੰ ਵੱਡਿਆਂ ਹੋ ਕੇ ਬਚਪਨ ਦੀ ਬੋਲੀ ਨਾਲ ਕੋਈ ਵੱਖਰੀ ਬੋਲੀ ਅਪਣਾਉਣੀ ਪੈਂਦੀ ਹੈ ?

(ੳ) ਮੂਰਖ ਲੋਕਾਂ ਨੂੰ (ਅ) ਸਮਝਦਾਰ ਲੋਕਾਂ ਨੂੰ

(ੲ) ਬਦਕਿਸਮਤ ਲੋਕਾਂ ਨੂੰ (ਸ) ਖ਼ੁਸ਼ਕਿਸਮਤ ਲੋਕਾਂ ਨੂੰ

ਪ੍ਰਸ਼ਨ 4. ਹਿਊਨ ਸਾਂਗ ਅਤੇ ਫਾਹਯਾਨ ਭਾਰਤ ਕਿਵੇਂ ਆਏ ਸਨ ?

(ੳ) ਜਹਾਜ਼ 'ਤੇ (ਅ) ਰੇਲ ਗੱਡੀ 'ਤੇ

(ੲ) ਭੱਜ ਕੇ (ਸ) ਤੁਰਕੇ

ਪ੍ਰਸ਼ਨ 5. ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰ ਨੂੰ ਕਿਹੜੇ ਕਿਲ੍ਹੇ ਵਿੱਚ ਕੈਦ ਕੀਤਾ ?

(ੳ) ਰੁਹਤਾਸ ਦੇ ਕਿਲ੍ਹੇ ਵਿੱਚ (ਅ) ਲਾਲ ਕਿਲ੍ਹੇ ਵਿੱਚ

(ੲ) ਅਨੰਦਪੁਰ ਦੇ ਕਿਲ੍ਹੇ ਵਿੱਚ (ਸ) ਗੋਲਕੁੰਡ

XII. ਕਵਿਤਾ ਅਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਪੰਜ ਪ੍ਰਸ਼ਨ ਹੱਲ ਕਰੋ):

ਪ੍ਰਸ਼ਨ 1. ਇਸਤਰੀ ਤੋਂ ਬਿਨਾਂ ਕਿਸ ਦੀ ਹੋਂਦ ਸੰਭਵ ਹੈ ?

(ੳ) ਮਰਦ ਦੀ (ਅ) ਗੁਰੂ ਦੀ

(ੲ) ਅਕਾਲ ਪੁਰਖ ਦੀ ਸ) ਕਿਸੇ ਦੀ ਵੀ ਨਹੀਂ।

ਪ੍ਰਸ਼ਨ 2. ਗੁਰੂ ਨਾਨਕ ਦੇਵ ਜੀ ਦਾ ਜਨਮ ਕਿਸ ਯੁੱਗ । ਕਿਸ ਯੁੱਗ ਵਿੱਚ ਹੋਇਆ ?

(ੳ) ਦੁਆਪਰ ਯੁੱਗ (ਅ) ਕਲਯੁਗ

(ੲ) ਸਤਿਯੁਗ (ਸ) ਉਪਰੋਕਤ ਵਿੱਚੋਂ ਕੋਈ ਨਹੀਂ

ਪ੍ਰਸ਼ਨ 3. ਕਿਸ ਦੀ ਮਿਹਰ ਨਾਲ ਪ੍ਰਭੂ ਮਿਲਦਾ ਹੈ ?

(ੳ) ਗੁਰੂ-ਕਿਰਪਾ ਨਾਲ (ਅ) ਭਗਤੀ ਕਰਕੇ

(ੲ) ਪਰਮਾਤਮਾ ਦੁਆਰਾ (ਸ) ਮਾਪਿਆਂ ਦੀ ਸੇਵਾ ਕਰ ਕੇ

ਪ੍ਰਸ਼ਨ 4. 'ਜ਼ਫ਼ਰਨਾਮਾ' ਇਕਾਂਗੀ ਦੇ ਲੇਖਕ ਦਾ ਨਾਮ ਦੱਸੋ ?

(ੳ) ਸੰਤ ਸਿੰਘ ਸੇਖੋਂ (ਅ) ਡਾ. ਹਰਚਰਨ ਸਿੰਘ

(ੲ) ਵਰਿਆਮ ਸਿੰਘ ਸੰਧੂ (ਸ) ਸੁਜਾਨ ਸਿੰਘ

ਪ੍ਰਸ਼ਨ 5:-ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਕਿਸ ਨੇ ਲਿਖਿਆ ਸੀ ?

(ੳ) ਅਸਦ ਖ਼ਾਨ ਨੇ (ਅ) ਗੁਰੂ ਤੇਗ ਬਹਾਦਰ ਜੀ (ੲ) ਗੁਰੂ ਗੋਬਿੰਦ ਸਿੰਘ ਜੀ ਨੇ

(ਸ) ਗੁਰੂ ਨਾਨਕ ਦੇਵ ਜੀ ਨੇ

XIII. ਅਤਿ ਛੋਟੇ ਪ੍ਰਸ਼ਨ ਉੱਤਰ (ਕਹਾਣੀ ਅਤੇ ਵਾਰਤਕ ਵਿੱਚੋਂ)

ਪ੍ਰਸ਼ਨ 1. ਜਿਨ੍ਹਾਂ ਸੱਜਣਾਂ ਨੂੰ ਘਰ ਪਿਆਰ ਨਹੀਂ ਮਿਲਦਾ, ਉਹਨਾਂ ਦਾ ਸੁਭਾਅ ਕਿਸ ਤਰ੍ਹਾਂ ਦਾ ਹੁੰਦਾ ਹੈ?

ਪ੍ਰਸ਼ਨ 2. ਅਜੋਕੇ ਮਨੁੱਖ ਦੀਆਂ ਸਰੀਰਕ ਸਮੱਸਿਆਵਾਂ ਕਿਉਂ ਵੱਧ ਗਈਆਂ ਹਨ ?

ਪ੍ਰਸ਼ਨ 3. ਲੇਖਕ ਮਸੱਦੀ ਰਾਮ ਤੋਂ ਇੱਕ ਧੇਲੇ ਦਾ ਕੀ ਖ਼ਰੀਦਦਾ ਸੀ ?

ਪ੍ਰਸ਼ਨ 4. ਮਰਨ ਸਮੇਂ ਕਰਤਾਰ ਸਿੰਘ ਦੀ ਉਮਰ ਕਿੰਨੀ ਸੀ ?

XIV. 25-30 ਸ਼ਬਦ ਵਾਲੇ ਛੋਟੇ ਪ੍ਰਸ਼ਨ ਉੱਤਰ (ਕਹਾਣੀ, ਵਾਰਤਕ ਅਤੇ ਇਕਾਂਗੀ ਵਿੱਚੋਂ)

ਪ੍ਰਸ਼ਨ 1. ਕਰਤਾਰ ਸਿੰਘ ਨੇ ਆਪਣੀ ਪਤਨੀ ਜਾਗੀਰ ਕੌਰ ਨੂੰ ਕਿਉਂ ਕੁੱਟਿਆ ਸੀ ?

ਪ੍ਰਸ਼ਨ 2. ਲੇਖਕ ਨੇ ਗੁਰੂ ਨਾਨਕ ਦੇਵ ਜੀ ਦਾ ਮਾਤਾ ਨਾਲ ਮਿਲਾਪ ਦਾ ਦ੍ਰਿਸ਼ ਕਿਹੋ ਜਿਹਾ ਚਿਤਰਿਆ ਹੈ ?

ਪ੍ਰਸ਼ਨ 3. ਪ੍ਰਾਰਥਨਾ ਕਰਨ ਨਾਲ ਕੈਦੀ ਦੇ ਵਿਹਾਰ ਵਿੱਚ ਕਿਹੋ ਜਿਹੀ ਤਬਦੀਲੀ ਆਈ ?

ਪ੍ਰਸ਼ਨ 4. ਪੈਦਲ ਤੁਰਨ ਸੰਬੰਧੀ ਯੂਨਾਨੀ ਫ਼ਿਲਾਸਫਰ ਦੇ ਕੀ ਵਿਚਾਰ ਹਨ 7

ਪ੍ਰਸ਼ਨ 5. ਗੁਰੂ ਜੀ ਨਾਲ ਸੁਲਾਹ ਕਰਨ ਸੰਬੰਧੀ ਅਸਦ ਖ਼ਾਨ ਔਰੰਗਜ਼ੇਬ ਨੂੰ ਕੀ ਸਲਾਹ ਦਿੰਦਾ ਹੈ ?

ਪ੍ਰਸ਼ਨ 6. ਕੁਲਫੀ ਕਹਾਣੀ ਵਿੱਚ ਲੇਖਕ ਆਪਣੇ ਆਪ ਨੂੰ ਕਾਇਰ ਕਿਉਂ ਸਮਝਦਾ ਹੈ?

ਪ੍ਰਸ਼ਨ 7:- ਅਸੀਂ ਕਿਸੇ ਬੋਲੀ ਦਾ ਸਤਿਕਾਰ ਕਿਵੇਂ ਕਰ ਸਕਦੇ ਹਾਂ?

XV. ਕਵਿਤਾ ਅਤੇ ਵਾਰਤਕ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ)

ਪ੍ਰਸ਼ਨ 1. 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਸ਼ਬਦ ਕਿਸ ਦੁਆਰਾ ਲਿਖਿਆ ਗਿਆ ਹੈ ਅਤੇ ਇਸ ਦਾ ਵਿਸ਼ਾ-ਵਸਤੂ ਪੇਸ਼ ਕਰੋ ?

ਜਾਂ

'ਭਾਈ ਗੁਰਦਾਸ ਜੀ' ਅਨੁਸਾਰ ਅਗਿਆਨਤਾ ਦਾ ਹਨੇਰਾ ਕਦੋਂ ਅਤੇ ਕਿਵੇਂ ਦੂਰ ਹੋਇਆ ?

ਪ੍ਰਸ਼ਨ 2. ਘਰ ਮਨੁੱਖ ਦੇ ਨਿੱਜੀ ਵਲਵਲਿਆਂ ਤੇ ਸ਼ਖ਼ਸੀ ਰਹਿਣੀ ਦਾ ਕੇਂਦਰ ਕਿਵੇਂ ਹੁੰਦਾ ਹੈ ?

ਜਾਂ

"ਬੋਲੀ ਮਨੁੱਖ ਦੀ ਆਤਮਾ ਦਾ ਚਿੱਤਰ ਹੈ।" ਇਸ ਕਥਨ ਤੋਂ ਲੇਖਕ ਦਾ ਕੀ ਭਾਵ ਹੈ?

XV. ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) :

ਪ੍ਰਸ਼ਨ 1.ਗੁਰੂ ਜੀ ਵੱਲੋਂ ਭੇਜੇ ਜ਼ਫਰਨਾਮੇ ਦਾ ਔਰੰਗਜ਼ੇਬ ਤੇ ਕੀ ਅਸਰ ਹੋਇਆ?

ਜਾਂ

ਪ੍ਰਸ਼ਨ 2. 'ਜ਼ਫ਼ਰਨਾਮਾ' ਇਕਾਂਗੀ ਦੇ ਆਧਾਰ 'ਤੇ ਔਰੰਗਜ਼ੇਬ ਦੀ ਪਾਤਰ ਉਸਾਰੀ ਕਰੋ।